FirstRanker.com
Firstranker's choice
www.FirstRanker.com www.FirstRanker.com

This Question Paper consists of **14 questions** and **6 printed pages**.
ਇਸ ਪ੍ਰਸ਼ਨ-ਪੱਤਰ ਵਿੱਚ **14** ਪ੍ਰਸ਼ਨ ਅਤੇ **6** ਮੁਦਰਿਤ ਪੰਨੇ ਹਨ ।

**Roll No.**
**ਰੋਲ ਨੰ: ਅੰਕਾਂ ਵਿਚ** | | | | | | | | | | | | |

**Code No.** **52/S/A/P**
**ਕੋਡ ਨੰ.**

**Set A**

# PUNJABI
# (ਪੰਜਾਬੀ)
# (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ______________________

**Signature of Invigilators** **1.** ______________________
**ਨਿਰੀਖਕਾਂ ਦੇ ਦਸਖ਼ਤ**
**2.** ______________________

---

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **52/S/A/P-A** ਜ਼ਰੂਰ ਲਿਖੋ।



www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI
# (ਪੰਜਾਬੀ)
# (210)

Time : **3** Hours ] [ Maximum Marks : **100**

ਸਮਾਂ : **3** ਘੰਟ ] [ ਕੁਲ ਅੰਕ: **100**

---

**ਨੋਟ** : (1) **ਸਾਰੇ** ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ :

(2) **ਸਾਰੇ** ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੇ ਉੱਤਰ ਲਿਖੋ :

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2x4=8**

''ਸੰਸਾਰ ਦੇ ਸਾਰੇ ਦੇਸਾਂ ਵਿੱਚ ਪੜ੍ਹੇ ਲਿਖੇ ਵਿਅੱਕਤੀ ਦੀ ਸਭ ਤੋਂ ਪਹਿਲੀ ਪਛਾਣ ਇਹ ਹੁੰਦੀ ਹੈ। ਕਿ ਓਹ ਓਹ ਆਪਣੀ ਮਾਤ-ਭਾਸ਼ਾ ਵਿੱਚ ਵਧੇਰੇ ਚੰਗੀ ਤਰ੍ਹਾਂ, ਕੰਮ ਕਰ ਸਕਦਾ ਹੈ। ਸਿਰਫ ਭਾਰਤ ਹੀ ਇੱਕ ਐਸਾ ਦੇਸ਼ ਹੈ ਜਿਸ ਵਿੱਚ ਪੜ੍ਹਿਆ ਲਿਖਿਆ ਵਿਅੱਕਤੀ ਉਹ ਸਮਝਿਆ ਜਾਂਦਾ ਹੈ, ਜਿਹੜਾ ਆਪਣੀ ਮਾਤ ਭਾਸ਼ਾ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ। ਜਾਂ ਨਾ, ਪਰ ਅੰਗਰੇਜ਼ੀ ਭਾਸ਼ਾ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਹੋਵੇ। ਸੰਸਾਰ ਦੇ ਹੋਰਨਾਂ ਦੇਸ਼ਾਂ ਵਿੱਚ ਚੰਗੇ ਰਹਿਣ-ਸਹਿਣ ਵਾਲਾ ਅਤੇ ਸਭਿਆਚਾਰਕ ਵਿਅਕਤੀ ਉਸ ਨੂੰ ਸਮਝਿਆ ਜਾਂਦਾ ਹੈ।

ਜਿਸ ਦੇ ਘਰ ਵਿੱਚ ਆਪਣੀ ਭਾਸ਼ਾ ਦੀਆਂ ਪੁਸਤਕਾਂ ਦਾ ਸੰਗ੍ਰਹਿ ਹੋਵੇ ਅਤੇ ਜਿਸ ਨੂੰ ਇਹਵੀ ਪਤਾ ਹੋਵੇ ਕਿ ਉਸ ਦੀ ਭਾਸ਼ਾ ਦੇ ਚੰਗੇ ਕਵੀ ਲੇਖਕ ਕੌਣ ਹਨ। ਸਮੇਂ-ਸਮੇਂ ਸਿਰ ਉਹਨਾਂ ਦੀਆਂ ਕਿਹੜੀਆਂ ਰਚਨਾਵਾਂ ਪ੍ਰਕਾਸ਼ਤ ਹੋ ਰਹੀਆਂ ਹਨ। ਭਾਰਤ ਵਿੱਚ ਸਥਿਤੀ ਦੂਸਰੀ ਹੈ, ਇੱਥੇ ਲਗਾਤਾਰ ਹਰ ਘਰ ਦੀ ਸਜਾਵਟ ਸਾਰਾ ਸਾਮਾਨ ਆਧੁਨਿਕ ਹੋਵੇਗਾ, ਪਰ ਆਪਣੀ ਮਾਤ-ਭਾਸ਼ਾ ਦੀ ਕੋਈ ਪੁਸਤਕ ਜਾਂ ਪਤ੍ਰਿਕਾ ਦਿਖਾਈ ਨਹੀਂ ਦੇਵੇਂਗੀ। ਇਹ ਮਾੜੀ ਹਾਲਤ ਭਾਵੇਂ ਕਿਸੀ ਇਤਿਹਾਸਕ ਪਰਕਿਰਿਆ ਦਾ ਨਤੀਜਾ ਹੈ, ਪਰ ਇਹ ਚੰਗੀ ਹਾਲਤ ਨਹੀਂ, ਸਗੋਂ ਮਾੜੀ ਹਾਲਤ ਹੈ। ਇਸ ਲਈ ਸਾਨੂੰ ਆਪਣੇ ਆਪ ਆਪ ਸਹੀ ਅਰਥਾਂ ਵਿੱਚ ਸਿੱਖਿਅਤ ਅਤੇ ਸੱਭਿਅਕ ਮੰਨਣ ਦਾ ਨਿਆ ਭਰਪੂਰ ਅਧਿਕਾਰ ਨਹੀਂ।''

**ਪ੍ਰਸ਼ਨ :**

(i) ਭਾਰਤ ਵਿੱਚ ਪੜ੍ਹੇ ਲਿਖੇ ਵਿਅਕਤੀਆਂ ਦਾ ਮਾਤ-ਭਾਸ਼ਾ ਜਾਂ ਅੰਗਰੇਜ਼ੀ ਨਾਲ ਕੀ ਸੰਬੰਧ ਹੋਵੇ?

(ii) ਸੰਸਾਰ ਦੇ ਬਾਕੀ ਦੇਸ਼ਾਂ ਵਿੱਚ ਸਭਿਅਕ ਵਿਅੱਕਤੀ ਕਿਸ ਤਰਾਂ ਦੇ ਮੰਨੇ ਜਾਂਦੇ ਹਨ?

(iii) ਕਿਸ ਇਤਿਹਾਸਕ ਪਰਕ੍ਰਿਆਂ ਵੱਲ ਸੰਕੇਤ ਹੈ, ਇਸ ਪੈਰੇ ਵਿੱਚ।

(iv) ਸਾਨੂੰ ਕਿਸ ਗੱਲ ਦਾ ਨਿਆ ਭਰਪੂਰ ਅਧਿਕਾਰ ਨਹੀਂ?

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : **1x15=15**

(i) ਪੰਜਾਬੀ ਵਿੱਚ ਕਿੰਨੀਆਂ ਮਾਤਰਾਵਾਂ ਹਨ?

(A) ਨੌ (B) ਤੇਰਾਂ

(C) ਦਸ (D) ਗਿਆਰਾ



www.FirstRanker.com

FirstRanker.com
Firstranker's choice
www.FirstRanker.com www.FirstRanker.com

(ii) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸਹੀ ਹੈ?

(A) ਬੋਹਤ (B) ਬਹੌਤ (C) ਬਹੁਤ (D) ਬਹੂਤ

(iii) ਪੰਜਾਬੀ ਵਿੱਚ ਕਿੰਨੇ ਲਗਾਖਰ ਹਨ ?

(A) ਚਾਰ (B) ਦੋ (C) ਇੱਕ (D) ਤਿੰਨ

(iv) ਹੇਠ ਲਿਖੇ ਸ਼ਬਦਾਂ ਵਿੱਚ ਕਿਹੜਾ ਇਸਤਰੀ ਲਿੰਗ ਹੈ?

(A) ਕਵੀ (B) ਲੇਖਕ (C) ਮਿਸਤਰੀ (D) ਘੜੀ

(v) ਕਵੀ ਦਾ ਇਸਤਰੀ ਲਿੰਗ ਹੈ :

(A) ਕਵੀਅਨ (B) ਕਵੀਆਣੀ (C) ਕਵੀਤਰੀ (D) ਕਵਿਤਰੀ

(vi) ਜਿਵੇਂ ਮੁੰਡਾ ਦਾ ਬਹੁ-ਵਚਨ ਮੁੰਡੇ ਹੈ ਇਸੇ ਤਰਂ ਕਿਹੜਾ ਬਹੁ-ਵਚਨ ਸਹੀਂ ਨਹੀਂ :

(A) ਰਾਜਾ (B) ਮਾਤਾ (C) ਕੁੜਤਾ (D) ਪੱਖਾ

(vii) ਵਿਸ਼ੇਸ਼ਣ ਸ਼ਬਦ ਕਿਸ ਨਾਲ ਆਉਂਦਾ ਹੈ :

(A) ਯੋਜਕ ਨਾਲ (B) ਸੰਬੰਧਕ ਨਾਲ (C) ਨਾਂਵ ਨਾਲ (D) ਕਿਸੇ ਨਾਲ ਨਹੀਂ

(viii) ਪੜਨਾਂਵ ਕਿਸ ਨੂੰ ਕਹਿੰਦੇ ਹਨ :

(A) ਜੋ ਸ਼ਬਦ ਕਿਸੇ ਪ੍ਰਾਣੀ ਜਾਂ ਵਸਤੂ ਦੀ ਗਿਣਤੀ ਦੱਸ ਸਕੇ।

(B) ਜੋ ਸ਼ਬਦ ਕਿਸੇ ਮਨੁੱਖ ਦੇ ਗੁਣ ਦਸਦੇ ਹਨ।

(C) ਜੋ ਸ਼ਬਦ ਨਾਂਵ ਦੀ ਥਾਂ ਤੇ ਵਰਤਿਆ ਹੋਵੇ।

(D) ਜੋ ਸ਼ਬਦ ਦੋ ਜਾਂ ਦੋ ਤੋਂ ਵੱਧ ਅਖਰਾਂ ਤੋਂ ਮਿਲਕੇ ਬਣੇ।

(ix) ਅਗੇਤਰ ਦੇ ਪ੍ਰਯੋਗ ਨਾਲ :

(A) ਸ਼ਬਦਾਂ ਦੇ ਅਰਥਾਂ ਵਿੱਚ ਬਦਲਾਵ ਨਹੀਂ ਆਉਂਦਾ।

(B) ਸ਼ਬਦਾਂ ਦੇ ਅਰਥਾਂ ਵਿੱਚ ਬਦਲਾਵ ਆਉਂਦਾ ਹੈ।

(C) ਇੱਕ ਨਵਾਂ ਸਾਰਥਕ ਸ਼ਬਦ ਬਣਦਾ ਹੈ।

(D) ਸ਼ਬਦਾਂ ਦੇ ਅਰਥਾਂ ਵਿੱਚ ਫ਼ਰਕ ਨਹੀਂ ਪੈਂਦਾ।

(x) ਹੇਠ ਲਿਖੇ ਵਿਕਲਪਾਂ ਵਿਚੋਂ ਸ਼ੁਧ ਸ਼ਬਦ ਚੁਣੋਂ।

(A) ਸਾਦੁ (B) ਸਾਦੂ (C) ਸਾਧੁ (D) ਸਾਧੂ

(xi) ਹਿਜਰ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ।

(A) ਖੇੜਾ (B) ਨਿਰਸਤਾ (C) ਵਿਛੋੜਾ (D) ਵਿਰੋਧੀ

www.FirstRanker.com



www.FirstRanker.com

FirstRanker.com
Firstranker's choice


(xii) ਕੁਝ ਵੀ ਕਹਿਣ ਤੋਂ ''ਅਸਮਰਥ'' ਸੀ, ਲਕੀਰੇ ਸ਼ਬਦ ਦਾ ਸਹੀ ਵਿਕਲਪ ਚੁਣੋ।

(A) ਅਸਫਲ (B) ਬੁਰਾ (C) ਅਯੋਗ (D) ਕਮਜ਼ੋਰ

(xiii) ਸੁਰਭੀ ਲਿਖ ਰਹੀ ਹੈ। ਇਸ ਵਾਕ ਵਿੱਚ ਸਹੀ ਕਿਰਿਆ ਕਿਹੜੀ ਹੈ :

(A) ਸਹਾਇਕ ਕਿਰਿਆ (B) ਸਕਰਮਕ ਕਿਰਿਆ

(C) ਅਕਰਮਕ ਕਿਰਿਆ (D) ਪਤਾ ਨਹੀਂ

(xiv) ਧਨਵਾਨ ਸ਼ਬਦਾ ਸਹੀ ਵਿਰੋਧੀ ਸ਼ਬਦ ਹੈ :

(A) ਧਨਾਢ (B) ਅਮੀਰ (C) ਨਿਰਧਨ (D) ਮਾਲਦਾਰ

(xv) ਮੇਰੀ ਪੱਗ ਦਾ ਰੰਗ ਸਫ਼ੈਦ ਹੈ। ਇਸ ਵਾਕ ਵਿੱਚ ਵਿਸ਼ੇਸ਼ਣ ਸ਼ਬਦ ਕਿਹੜਾ ਹੈ :

(A) ਮੇਰੀ (B) ਪੱਗ (C) ਰੰਗ (D) ਸਫ਼ੈਦ

**3.** ਹੇਠ ਲਿਖੇ ਅਖਾਣ ਮੁਹਾਵਰਿਆਂ ਨੂੰ ਪੂਰਾ ਕਰੋ: **1x5=5**

(i) ਹੀਲੇ ਰਿਜ਼ਕ __________

(ii) ਕਰੇ ਕੋਈ __________

(iii) ਸਦਾ ਦੀ ਨੀਂਦ __________

(iv) ਆਪਣੀ ਪੀੜ੍ਹੀ ਹੇਠ __________

(v) ਲਹੂ-ਪਸੀਨਾ __________

**4.** ਹੇਠ ਲਿਖੇ ਵਾਰਤਾ ਨੂੰ ਵਿਸ਼ਰਾਮ ਚਿੰਨ੍ਹ ਲਾਓ: **3**

"ਭ੍ਰਿਸ਼ਟਾਚਾਰ ਸਾਰੇ ਦੇਸ਼ ਵਿੱਚ ਹੈ ਇਸ ਨੂੰ ਰੋਕਣਾ ਕੇਵਲ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਨਹੀਂ ਹੈ। ਸੰਗੋਂ ਸਭ ਦੀ ਜ਼ਿੰਮੇਵਾਰੀ ਹੈ ਕੇਂਦਰ ਸਰਕਾਰ ਦੀਆਂ ਬਹੁਤੀਆਂ ਸਕੀਮਾਂ ਰਾਜ ਸਰਕਾਰਾਂ ਨੇ ਲਾਗੂ ਕਰਨਿਆਂ ਹੁੰਦੀਆ ਹਨ। ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ ਰਾਜ ਪੱਧਰ ਤੇ ਹੁੰਦਾ ਹੈ। ਇਸ ਨੂੰ ਰੋਕਣਾ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ।"

www.FirstRanker.com

**5.** ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਤੋਂ ਘੱਟੋ-ਘੱਟ ਦੋ-ਦੋ ਅਜਿਹੇ ਵਾਕ ਬਣਾਓ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ: **2**

ਉੱਤਰ, ਸਤ

**6.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ ਵਿਸ਼ੇ** ਉੱਤੇ ਲਗਪਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : **10**

(i) ਸਮੇਂ ਦਾ ਮਹੱਤਵ

(ii) ਬੱਚਿਆਂ ਦੇ ਮਾਂ - ਬਾਪ ਪ੍ਰਤੀ ਫਰਜ਼

(iii) ਵਧਦੀ ਮਹਿੰਗਾਈ ਦੀ ਸਮੱਸਿਆ

(iv) ਮੇਰੇ ਜੀਵਨ ਦਾ ਉਦੇਸ਼।



www.FirstRanker.com

7. ਆਪਣੇ ਸ਼ਹਿਰ ਦੇ ਡਾਕਤਾਰ ਵਿਭਾਗ ਦੇ ਅਫ਼ਸਰ ਨੂੰ ਆਪਣੇ ਇਲਾਕੇ ਦੇ ਡਾਕੀਏ ਦੀ ਅਣਗਹਿਲੀ ਦੀ ਸ਼ਕਾਇਤ ਸੰਬੰਧੀ ਇੱਕ ਪੱਤਰ ਲਿਖੋ। 7

**ਜਾਂ**

ਤੁਹਾਡੇ ਸ਼ਹਿਰ ਦੇ ਤੰਗ ਬਾਜ਼ਾਰਾਂ ਵਿੱਚ ਵੱਡੀਆਂ-ਗੱਡੀਆਂ ਦੇ ਲੰਘਣ ਨਾਲ, ਦੋ-ਪਹੀਆ ਵਾਹਨ ਚਾਲਕ ਤੇ ਪੈਦਲ ਚਲਣ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਜਿਲੇ ਦੇ ਪੁਲਿਸ ਮੁਖੀ ਨੂੰ ਭੀੜੇ ਬਾਜ਼ਾਰਾਂ ਵਿੱਚ ਵੱਡੇ ਵਾਹਨਾਂ ਦੇ ਦਾਖਲੇ ਤੇ ਪੂਰਨ ਰੋਕ ਲਾਉਣ ਲਈ ਇੱਕ ਪੱਤਰ ਲਿਖੋ।

8. " ਜੰਗ ਸਿੰਘਾਂ ਤੇ ਫ਼ਰੰਗੀਆਂ ਵਿੱਚ" ਸ਼ਾਹਮੁਹੰਮਦ ਜੰਗ ਦੇ ਅੰਤ ਦਾ ਦੁੱਖ ਕਿਵੇਂ ਪਰਗਟ ਕਰਦਾ ਹੈ? ਉਸ ਨੂੰ 100 - 125 ਸ਼ਬਦਾਂ ਵਿੱਚ ਲਿਖੋ। 5

**ਜਾਂ**

ਪ੍ਰ : ਧਨੀਰਾਮ ਚਾਤ੍ਰਿਕ ''ਇਨਸਾਨ ਸਤਾਨ'' ਕਵਿਤਾ ਵਿੱਚ ਕਹਿੰਦਾ ਹੈ ।

''ਸਾਂਝ ਹੈਣ ਮਸੀਤਾਂ ਮੰਦਰ, ਵਸੇ ਰੱਬ ਦਿਲਾਂ ਦੇ ਅੰਦਰ।

ਲੀਡਰ ਹੋਣ ਦਿਆਨਤਦਾਰ, ਮੇਲ ਮੁਹਬਤਦਾ ਪਰਚਾਰ।''

ਕਵੀ ਦੀ ਉਪਰੋਕਤ ਪੰਗਤੀਆਂ ਵਿੱਚ ਕਿਹੀ ਦਿਲੀ ਇੱਛਾ ਹੈ। 100 - 125 ਸ਼ਬਦਾਂ ਵਿੱਚ ਬਿਆਨ ਕਰੋ।

9. ਡਾ : ਦਲੀਪ ਕੌਰ ਦਿਵਾਣਾ ਆਪਣੀ ਕਹਾਣੀ ਬੱਸ ਕੰਡੱਕਟਰ ਰਾਹੀਂ ਆਪਣੇ ਪਾਠਕਾਂ ਨੂੰ ਕੀ ਦਸਿਆਂ ਹੈ। ਉਸਨੂੰ 100 - 125 ਸ਼ਬਦਾਂ ਵਿੱਚ ਬਿਆਨ ਕਰੋ। 5

10. ਇਕਾਗੀ ''ਬੇਈ ਮਾਨ'' ਦੇ ਪਾਤਰ ਮੋਟਰਵਾਲੇ ਦਾ ਪਾਤਰ ਚਿਤਰਣ 100 - 125 ਸ਼ਬਦਾਂ ਵਿੱਚ ਲਿਖੋ। 5

11. ਪੁਸਤਕਾਂ ਛਪਣ ਵਿੱਚ ਕੰਪਿਊਟਰ ਕੀ ਸਹਾਇਤਾ ਕਰਦਾ ਹੈ। ਉੱਤਰ 100 - 125 ਸ਼ਬਦਾਂ ਵਿੱਚ ਲਿਖੋ। 5

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **ਇੱਕ-ਇੱਕ** ਵਾਕ ਵਿੱਚ ਲਿਖੋ। ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ। 12

(i) ਬਾਬਾ ਫਰੀਦ ਦਾ ''ਅਕਲ ਲਤੀਫ਼'' ਤੋਂ ਕੀ ਭਾਵ ਹੈ।

(ii) ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫਰੀਦ ਜੀ ਦੇ ਕਿੰਨੇ ਸ਼ਲੋਕ ਦਰਜ ਹਨ।

(iii) ਪ੍ਰਸਿਧ ਕਵੀ ਸੁਰਜੀਤ ਪਾਤਰ ਅਨੁਸਾਰ ''ਮਿਰਚਾਂ ਦੀ ਭਰਵੀਂ ਫਸ਼ਲ'' ਪੰਜਾਬੀਆਂ ਨੂੰ ਕਦੋਂ ਲਗੀ।

(iv) ਕੀ ਅੱਜ ਕੱਲ ਸਾਰੇ ਰਿਕਸ਼ੇ ਵਾਲੇ ਈਮਾਨਦਾਰ ਹਨ।

(v) ''ਸਾਂਝ'' ਕਹਾਣੀ ਵਿੱਚ ਸਰਦਾਰ ਦੇ ਜਵਾਈ ਦੀ ਮੌਤ ਕਿਵੇਂ ਹੋਈ।

(vi) ਕੀ ਤੁਹਾਡੇ ਇਲਾਕੇ ਦੀਆਂ ਸੜਕਾਂ ਸੁੰਦਰ ਨਜ਼ਾਰਿਆਂ ਨੂੰ ਪੇਸ਼ ਕਰਦੀਆਂ ਹਨ।

(vii) ਗੁਰੂ ਨਾਨਕ ਦੇਵ ਜੀ ਦੀ ਮਾਤਾ ਜੀ ਦਾ ਕੀ ਨਾਂ ਸੀ।

(viii) ਲੇਖਕ ਸ : ਗੁਰਬਖ ਸਿੰਘ ਪ੍ਰੀਤ ਲੜੀ ਅਨੁਸਾਰ ਸੁੰਦਰਤਾ ਕਿਸ ਚੀਜ ਦੀ ਮੁਖਾਜ ਹੈ।

www.FirstRanker.com

FirstRanker.com
Firstranker's choice
www.FirstRanker.com www.FirstRanker.com

(ix) ਮ : ਰਣਜੀਤ ਸਿੰਘ ਜੀ ਨੇ ਆਪਣੇ ਮੱਹਲ ਦੇ ਬਾਹਰ ਕੀ ਰਖਵਾਇਆ ਹੋਇਆ ਸੀ।

(x) ਮੋਟਰਵਾਲਾ ਗਰਾਜ ਵਿੱਚ ਕਿਸ ਕੰਮ ਲਈ ਆਇਆ ਸੀ।

(xi) ਕੰਪਿਊਟਰ ਯੁੱਗ ਦਾ ਨਾਂ ਕਿਹੜੀ ਸਦੀ ਨੂੰ ਦਿੱਤਾ ਗਿਆ ਹੈ।

(xii) ਮੈਨੇਜਰ ਨੇ ਮੋਟਰ ਵਾਲੇ ਨੂੰ ਰੋਸਨਾ ਦਿੰਦੇ ਹੋਏ ਕੀ ਆਖਿਆ ਸੀ।

**13.** ਹੇਠ ਲਿਖੇ ਸ਼ਬਦਾਂ ਦੇ ਉੱਤਰ **30 - 40** ਸ਼ਬਦਾਂ ਵਿੱਚ ਲਿਖੋ : **6x2=12**

(i) ਸੁਰਜੀਤ ਪਾਤਰ ਨੇ ''ਨਜ਼ਰ'' ਕਵਿਤਾ ਵਿੱਚ ਕੀ ਸੰਦੇਸ਼ ਦਿੱਤਾ ਹੈ।

(ii) ਕਵੀ ''ਜਗਤਾਰ'' ਦੀ ਕਵਿਤਾ ''ਨਿੱਕੇ-ਨਿੱਕੇ ਡਰ'' ਵਿੱਚ ਧਿਆਂ ਆਪਣੇ ਪਿਉਂ ਨੂੰ ਜਾਣ ਲਗੀਆਂ ਵਾਰ-ਵਾਰ ਨਿੱਕੀ-ਨਿੱਕੀ ਗਲ ਲਈ ਕੀ ਤਾਕੀਦ ਕਰ ਰਹੀਆਂ ਸਨ।

(iii) ਸਰਦਾਰ ਨੇ ''ਨੰਦੂ'' ਗਿੜਵਾਲੀ ਨੂੰ ਕਿਉਂ ਕੱਢ ਦਿੱਤਾ ਸੀ, ਜਦ ਕੀ ਉਹ ਸਹੀ ਕੰਮ ਕਰਦਾ ਸੀ।

(iv) ਜਦੋਂ ਹਜਰਤ ਮੁਹੰਮਦ ਸਾਹਿਬ ਨੂੰ ਰੱਬ ਵਲੋਂ ਬਾਣੀ ਉੱਤਰਦੀ ਸੀ ਤਾਂ ਥੱਕਕੇਨਿੱਸ਼ਲ ਹੋ ਜਾਂਦੇ ਸਨ। ਉਸ ਸਮੇਂ ਉਨ੍ਹਾਂ ਨੂੰ ਆਰਾਮ ਦੇਣ ਲਈ ਕੌਣ ਸਹਾਇਤਾ ਕਰਦਾ ਸੀ ਤੇ ਕਿਵੇਂ।

(v) ਇੱਕ ਵਾਰ ਜਦੋਂ ਕਿਸੇ ਅੰਗਰੇਜ਼ ਨੇ ਦਿਵਾਨ ਅਜ਼ੀਜ਼-ਉ-ਦਿਨ ਨੂੰ ਪੁੱਛਿਆ ਕਿ ਤੁਹਾੜੇ ਮਹਾਰਾਜੇ ਦੀ ਕਿਹੜੀ ਅੱਖ ਕਾਣੀ ਹੈ? ਤਾ ਅਜ਼ੀਜ਼-ਉ-ਦਿਨ ਨੇ ਕੀ ਉੱਤਰ ਦਿੱਤਾ ਸੀ?

(vi) ਸ : ਭਗਤ ਸਿੰਘ ਉੱਤੇ ਕਿਸ ਦੇ ਵਿਚਾਰਾਂ ਦਾ ਵਧੇਰਾ ਪ੍ਰਭਾਵ ਸੀ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ **50** ਸ਼ਬਦਾਂ ਵਿੱਚ ਲਿਖੋ : **2x3=6**

(i) ''ਹੀਰ'' ਮੋਏ ਤੇ ਵਿਛੜੇ ਲੋਕਾਂ ਦੇ ਸੰਬੰਧ ਵਿੱਚ ਕੀ ਆਖਦੀ ਹੈ?

(ii) ''ਮਲੰਗ'' ਕਹਾਣੀ ਵਿੱਚ ਦੋਹਾਂ ਬਸਾਂ ਦੇ ਡਰਾਈਵਰਾਂ ਬਾਰੇ ਸਵਾਰੀਆਂ ਕੀ ਸੋਚਦੀਆ ਹਨ? ਕੀ ਇਹ ਸੋਚਣਾ ਠੀਕ ਹੈ?

- o O o -

www.FirstRanker.com



www.FirstRanker.com